# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/33736-33766
ਮਿਤੀ,ਚੰਡੀਗੜ੍ਹ 26 ਅਪ੍ਰੈਲ 2010

**ਵਿਸ਼ਾ:- ਸੈਸ਼ਨ 2010-11 ਲਈ ਚਾਰ ਵਿਸ਼ਿਆਂ (ਹਿਸਾਬ, ਅੰਗਰੇਜ਼ੀ, ਵਿਗਿਆਨ ਅਤੇ ਸਮਾਜਿਕ ਸਿੱਖਿਆ) ਦੀ ਮਹੀਨਾਵਾਰ ਪ੍ਰੀਖਿਆ ਸਬੰਧੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸੈਸ਼ਨ 2009-10 ਵਿੱਚ ਛੇਵੀਂ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਲਈ ਚਾਰ ਵਿਸ਼ਿਆਂ (ਗਣਿਤ, ਅੰਗਰੇਜ਼ੀ, ਵਿਗਿਆਨ ਅਤੇ ਸਮਾਜਿਕ ਸਿੱਖਿਆ) ਦੀ ਮਹੀਨਾਵਾਰ ਪ੍ਰੀਖਿਆ ਹਰ ਸੋਮਵਾਰ ਨੂੰ ਲਈ ਜਾਂਦੀ ਰਹੀ ਹੈ। ਪਰ ਵੱਖ ਵੱਖ ਸਿੱਖਿਆ ਸ਼ਾਸਤਰੀਆਂ ਅਤੇ ਫੀਲਡ ਵਿੱਚੋਂ ਆਈ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ, ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਇਹ ਮਹੀਨਾਵਾਰ ਪ੍ਰੀਖਿਆ ਚਾਰ ਵਿਸ਼ਿਆਂ ਲਈ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਹੈ। ਪਰ ਇਹ ਮਹੀਨਾਵਾਰ ਪ੍ਰੀਖਿਆ ਸੈਸ਼ਨ 2010-11 ਤੋਂ ਮਹੀਨੇ ਦੇ ਪਹਿਲੇ ਹਫ਼ਤੇ ਦੇ ਲਗਾਤਾਰ ਪਹਿਲੇ ਚਾਰ ਕੰਮ ਵਾਲੇ ਦਿਨਾਂ ਵਿੱਚ ਹੋਵੇਗੀ। ਇਸ ਦੀ ਤਰਤੀਬ ਪਹਿਲੇ ਦਿਨ ਗਣਿਤ, ਦੂਸਰੇ ਦਿਨ ਅੰਗਰੇਜ਼ੀ, ਤੀਸਰੇ ਦਿਨ ਸਾਇੰਸ ਅਤੇ ਚੌਥੇ ਦਿਨ ਸਮਾਜਿਕ ਸਿੱਖਿਆ ਦੀ ਪ੍ਰੀਖਿਆ ਲਈ ਜਾਵੇਗੀ।ਪੇਪਰ ਜ਼ੀਰੋ ਪੀਰੀਅਡ ਵਿੱਚ ਲਿਆ ਜਾਵੇਗਾ। ਇਸ ਦੇ ਕੁੱਲ ਅੰਕ 20 ਅਤੇ ਸਮਾਂ 40 ਮਿੰਟ ਹੋਵੇਗਾ। ਜਿਸ ਦੇ ਪ੍ਰਸ਼ਨ ਪੱਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਰਾਜ ਦੇ ਸਾਰੇ ਸਕੂਲਾਂ ਨੂੰ ਮੁਹੱਇਆ ਕਰਵਾਏ ਜਾਣਗੇ। ਇਸ ਤੋਂ ਇਲਾਵਾ ਆਪ ਜੀ ਨੂੰ

ਹਦਾਇਤ ਕੀਤੀ ਜਾਂਦੀ ਹੈ ਕਿ ਬਾਕੀ ਦੇ ਵਿਸ਼ਿਆਂ ਦੀ ਵਿਸ਼ੇਸ਼ ਕਰਕੇ ਹਿੰਦੀ ਅਤੇ ਪੰਜਾਬੀ ਦੀ ਮਹੀਨਾਵਾਰ ਪ੍ਰੀਖਿਆ ਸਕੂਲ ਪੱਧਰ ਤੇ ਹੀ ਲਈ ਜਾਵੇ । ਇਸ ਮਹੀਨਾਵਾਰ ਪ੍ਰੀਖਿਆ ਲਈ ਦਿੱਤੀ ਜਾਣ ਵਾਲੀ ਵੇਟੇਜ ਅਤੇ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਲਈ ਬਣਾਏ ਗਏ ਨਿਯਮ ਪਿਛਲੇ ਸਾਲ ਦੀ ਤਰ੍ਹਾਂ ਹੀ ਰਹਿਣਗੇ।

3.0 ਵਿਦਿਅਕ ਸੈਸ਼ਨ 2010-11 ਦੀ ਪਹਿਲੀ ਮਾਸਿਕ ਪ੍ਰੀਖਿਆ ਬਕਾਇਦਾ ਤੌਰ ਤੇ 03 ਮਈ 2010 ਤੋਂ 06 ਮਈ 2010 ਤੱਕ ਲਈ ਜਾਵੇਗੀ।ਵਿਦਿਆਰਥੀਆਂ ਨੂੰ ਇਸ ਸਬੰਧੀ ਪੂਰੀ ਤਰ੍ਹਾਂ ਜਾਣਕਾਰੀ ਦਿੱਤੀ ਜਾਵੇ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤਾ ਜਾਵੇ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**